**COVID-19 ਮਹੱਤਵਪੂਰਨ ਜਾਣਕਾਰੀ**

**Department of Social and Health Services** ਸਮਾਜਿਕ ਅਤੇ ਸਿਹਤ ਸੇਵਾਵਾਂ ਵਿਭਾਗ COVID-19 ਨੂੰ ਰੋਕਣ ਅਤੇ ਇਸਦੇ ਲਈ ਪ੍ਰਬੰਧਨ ਕਰਨ ਵਿਚ ਸਹਾਇਤਾ ਕਰ ਰਹੇ ਹਨ। ਅਸੀਂ ਆਪਣੇ ਗਾਹਕਾਂ ਦੀ ਸਿਹਤ ਅਤੇ ਸੁਰੱਖਿਆ ਦੀ ਬਹੁਤ ਜ਼ਿਆਦਾ ਪਰਵਾਹ ਕਰਦੇ ਹਾਂ। ਅਸੀਂ Governor Inslee ਦੇ ਘਰ ਰਹੋ, *ਸਿਹਤਮੰਦ ਰਹੋ ਆਦੇਸ਼ ਅਤੇ* ਰਿਕਵਰੀ ਪਲਾਨ ਦੀ ਪਾਲਣਾ ਕਰ ਰਹੇ ਹਾਂ।

ਅਸੀਂ ਮੁਫਤ ਭਾਸ਼ਾ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ। ਇਹਨਾਂ ਸੇਵਾਵਾਂ ਵਿੱਚ ਦੁਭਾਸ਼ੀਏ ਅਤੇ ਅਨੁਵਾਦ ਕਰਨਾ ਅਤੇ ਹੋਰ ਫਾਰਮੈਟਾਂ ਵਿੱਚ ਲਿਖਤੀ ਜਾਣਕਾਰੀ ਸ਼ਾਮਲ ਹੈ। ਜੇਕਰ ਤੁਹਾਨੂੰ ਸਾਡੀਆਂ ਸੇਵਾਵਾਂ ਪ੍ਰਾਪਤ ਕਰਨ ਲਈ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ DSHS ਨੂੰ **800-737-0617** 'ਤੇ ਕਾਲ ਕਰੋ ਅਤੇ ਉਥੋਂ ਵਿਕਲਪ ਦੀ ਚੋਣ ਕਰੋ 4. ਤੁਸੀਂ Washington Relay Service ਲਈ **711** ਤੇ ਕਾਲ ਵੀ ਕਰ ਸਕਦੇ ਹੋ।

COVID-19 ਦੇ ਕਾਰਨ DSHS ਦੇ ਪ੍ਰੋਗਰਾਮਾਂ ਅਤੇ ਸੇਵਾਵਾਂ ਉੱਤੇ ਕੀ ਪ੍ਰਭਾਵਤ ਪਿਆ ਹੈ?

## ਉਮਰ ਅਤੇ ਲੰਮੇ ਸਮੇਂ ਲਈ ਸਹਾਇਤਾ

COVID-19, ਲੰਬੇ ਸਮੇਂ ਲਈ ਦੇਖਭਾਲ ਸੇਵਾਵਾਂ ਲੈਣ ਵਾਲੇ ਵਸਨੀਕਾਂ ਲਈ ਬਹੁਤ ਨੁਕਸਾਨਦੇਹ ਹੋ ਸਕਦਾ ਹੈ। 12 ਮਈ ਤਕ, ਨਰਸਿੰਗ ਹੋਮਾਂ, ਸਹਾਇਕ ਰਹਿਣ ਦੀ ਸਹੂਲਤਾਂ ਅਤੇ ਬਾਲਗ ਪਰਿਵਾਰਕ ਘਰਾਂ ਵਿੱਚ ਰਹਿਣ ਵਾਲੇ ਲੋਕਾਂ ਨਾਲ ਕਿਸੇ ਵਿਜਿਟਰ ਨੂੰ ਮਿਲਣ ਦੀ ਇਜ਼ਾਜਤ ਨਹੀਂ ਹੈ। ਇਹ ਨਿਯਮ ਮਹਾਂਮਾਰੀ ਦੇ ਦੌਰਾਨ ਬਦਲ ਸਕਦੇ ਹਨ।

ਤੁਸੀਂ FamHelp ਵੈਬ ਪੇਜ ਤੇ ਜਾ ਕੇ ਦੇਖਭਾਲ ਸਹੂਲਤਾਂ ਲਈ ਵਿਜ਼ਿਟਰ ਨਿਯਮਾਂ ਨੂੰ ਵੇਖ ਸਕਦੇ ਹੋ। ਇਸ ਵੈਬ ਪੇਜ ਤੇ ਰਿਪੋਰਟ ਹੋਏ COVID-19 ਕੇਸਾਂ ਦੀ ਦੇਖਭਾਲ ਸਹੂਲਤਾਂ ਦੀ ਸੁਚੀ ਵੀ ਦਿੱਤੀ ਗਈ ਹੈ। ਜੇਕਰ ਤੁਹਾਡੇ ਲੰਬੇ ਸਮੇਂ ਦੀ ਦੇਖਭਾਲ ਸਹੂਲਤਾਂ ਵਾਰੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ 888-856-5691 ਤੇ ਕਾਲ ਕਰੋ। ਅਸੀਂ ਸਵੇਰੇ 6 ਵਜੇ ਤੋਂ ਰਾਤ 10 ਵਜੇ ਤਕ ਉਪਲਬਧ ਹਾਂ।

Deaf and Hard of Hearing ਦਾ Office, ਉਨ੍ਹਾਂ ਗਾਹਕਾਂ ਨੂੰ ਸੇਵਾ ਪ੍ਰਦਾਨ ਕਰਦਾ ਹੈ, ਜੋ ਬੋਲ਼ੇ, ਬਹਿਰੇ ਹਨ ਅਤੇ ਜਿਨ੍ਹਾਂ ਨੂੰ ਸੁਣਨ ਵਿੱਚ ਦਿੱਕਤ ਆਉਂਦੀ ਹੈ। ਉਹ ਸੇਵਾ ਪ੍ਰਦਾਤਾਵਾਂ ਦੇ ਨਾਲ ਵੀ ਕੰਮ ਕਰਦੇ ਹਨ। ਜੇਕਰ ਤੁਹਾਡਾ ਕੋਈ ਅਜਿਹਾ ਗਾਹਕ ਜਿਸਨੂੰ ਸੁਣਨ ਵਿੱਚ ਦਿੱਕਤ ਹੈ ਅਤੇ ਉਸਨੂੰ ਗੱਲਬਾਤ ਕਰਨ ਵਿੱਚ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ ਆਫਿਸ ਨਾਲ ਸੰਪਰਕ ਕਰੋ।

- ਈ-ਮੇਲ: ODHHCOVID-19@dshs.wa.gov
- ਫੋਨ: 360-338-6042
- TTY/TDD ਲਈ: 360-725-3455
- ਜੇਕਰ ਵਾਇਸ ਕਾਲਰ ਤੇ TTY/TDD ਦੀ ਸੇਵਾ ਉਪਲਬਧ ਨਹੀਂ ਹੈ, ਤਾਂ ਕਿਰਪਾ ਕਰਕੇ 711 ਡਾਇਲ ਕਰੋ
- ODHH ਵੈਬਸਾਈਟ

## Behavioral Health Administration

Behavioral Health Administration, ਤੀਜੇ ਪੜਾਅ ਦੇ ਮਾਨਸਿਕ ਰੋਗਾਂ ਦੇ ਹਸਪਤਾਲਾਂ, Special Commitment Center ਅਤੇ Forensic Mental Health Services ਦੇ Office ਵਿੱਖੇ ਬਾਲਗਾਂ ਅਤੇ ਬੱਚਿਆਂ ਨੂੰ ਸੇਵਾਵਾਂ ਪ੍ਰਦਾਨ ਕਰਦਾ ਹੈ।

ਅਸੀਂ COVID-19 ਨੂੰ ਫੈਲਣ ਤੋਂ ਰੋਕਣ ਲਈ, ਇਨ੍ਹਾਂ ਥਾਵਾਂ 'ਤੇ ਮੁਲਾਕਾਤ ਕਰਨ ਉਤੇ ਰੋਕ ਲਗਾ ਦਿੱਤੀ ਹੈ। ਅਸੀਂ ਮੁਨਾਸਬ ਹੋਣ ਤੇ ਗਾਹਕਾਂ ਲਈ ਵੀਡੀਓ ਰਿਮੋਟ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ। ਵਿਜ਼ਟਰ ਪਾਲਿਸੀ ਬਾਰੇ ਜਾਂ ਹੋਰ ਸਵਾਲ ਪੁੱਛਣ ਲਈ, ਕਿਰਪਾ ਕਰਕੇ ਕਾਲ ਕਰੋ:

- Western State Hospital – **253-582-8900**
- Eastern State Hospital – **509-565-4000**
- Child Study and Treatment Center – **800-283-8639**
- Office of Forensic Mental Health Services
    - Maple Lane – **360-664-4641**
    - Yakima – **253-582-8900**
    - Fort Steilacoom – **253-984-5651**
- Special Commitment Center – **253-588-5281, ext. 0095**

**Division of Vocational Rehabilitation**
ਅਸੀਂ ਇਸ ਵੇਲੇ Division of Vocational Rehabilitation ਆਫਿਸਾਂ ਨੂੰ ਬੰਦ ਕਰ ਦਿੱਤਾ ਹੈ।
- ਇਸਦੇ ਲਈ ਸਲਾਹਕਾਰ ਫ਼ੋਨ ਦੁਆਰਾ ਸੇਵਾਵਾਂ ਅਤੇ ਸਹਾਇਤਾ ਪ੍ਰਦਾਨ ਕਰਨਗੇ।
- ਸੇਵਾਵਾਂ ਦੀ ਅਪਡੇਟ ਲਈ ਫੋਨ ਨੰਬਰ: **800-637-5627**

**Developmental Disabilities Administration**
ਫਿਲਹਾਲ ਆਫਿਸ ਲਾਬੀਆਂ ਬੰਦ ਹਨ। ਇਸ ਵੇਲੇ Fircrest School, Lakeland Village, Rainier School ਅਤੇ Yakima Valley School ਵਿਖੇ ਵਿਜਿਟਰਾਂ ਨੂੰ ਆਉਣ ਦੀ ਅਨੁਮਤੀ ਨਹੀਂ ਹੈ। ਜੇ ਤੁਹਾਡੇ ਕੋਈ ਸਵਾਲ ਹਨ ਤਾਂ ਕਿਰਪਾ ਕਰਕੇ ਹੇਠਾਂ ਦਿੱਤੇ ਨੰਬਰਾਂ ਤੇ ਕਾਲ ਕਰੋ।

- ਅਸੀਂ DDA ਕੇਸ ਮੈਨੇਜਰ ਦੀ ਪਹਿਲਾਂ ਪ੍ਰਵਾਨਗੀ ਲੈਕੇ ਰਿਮੋਟ ਸੇਵਾਵਾਂ ਪ੍ਰਦਾਨ ਕਰ ਸਕਦੇ ਹਾਂ।
- ਮੁਲਾਂਕਣ ਦੂਰੋਂ ਹੀ ਕੀਤੇ ਜਾ ਸਕਦੇ ਹਨ ਅਤੇ ਇਨ੍ਹਾਂ ਮੁਲਾਂਕਣ ਨੂੰ ਪੂਰਾ ਕਰਨ ਲਈ ਟਾਈਮਲਾਈਨ ਕੇਸ-ਦਰ-ਕੇਸ ਦੇ ਅਧਾਰ' ਤੇ ਵਧਾਈ ਜਾ ਸਕਦੀ ਹੈ।
- Island, King, San Juan, Skagit, Snohomish ਅਤੇ Whatcom counties ਵਿੱਖੇ ਸੇਵਾਵਾਂ ਲਈ, ਇੱਥੇ ਕਾਲ ਕਰੋ: 800-314-3296.
- Clallam, Clark, Cowlitz, Grays Harbor, Jefferson, Kitsap, Lewis, Mason, Pacific, Pierce, Skamania, Thurston ਜਾਂ Wahkiakum counties ਵਿੱਖੇ ਸੇਵਾਵਾਂ ਲਈ, ਇੱਥੇ ਕਾਲ ਕਰੋ: 800-248-0949
- ਬਾਕੀ ਸਾਰੇ ਰਾਜਾਂ ਦੀ ਕਾਉਂਟੀ ਵਿੱਚ ਸੇਵਾਵਾਂ ਲਈ, 800-462-0624 ਤੇ ਕਾਲ ਕਰੋ

**Economic Services Administration**

CHILD SUPPORT: ਇਸ ਵੇਲੇ Division of Child Support ਦੀ ਲਾਬੀਆਂ ਬੰਦ ਕਰ ਦਿੱਤੀਆਂ ਹਨ। ਕੇਸ ਦੀ ਜਾਣਕਾਰੀ ਪ੍ਰਾਪਤ ਕਰਨ ਜਾਂ ਭੁਗਤਾਨ ਕਰਨ ਲਈ **800-442-KIDS (5437).** ਤੇ ਕਾਲ ਕਰੋ। ਜਿਨ੍ਹਾਂ ਮਾਲਕ ਨੂੰ ਲੇਆਫ ਜਾਂ ਸਮਪਾਨ ਦੀ ਰਿਪੋਰਟ ਕਰਨ ਦੀ ਲੋੜ ਹੈ, ਉਹ **800-562-0479** ਤੇ ਕਾਲ ਕਰ ਸਕਦੇ ਹਨ।.

COMMUNITY SERVICES OFFICES: ਅਪੌਇੰਮੈਂਟ ਲੈਕੇ ਕੇਵਲ ਸੀਮਿਤ ਸੇਵਾਵਾਂ **ਹੀ ਉਪਲਬਧ ਹਨ। ਤੁਸੀਂ**:

- ਜੇ ਤੁਹਾਡੇ ਕੋਲ ਆਮ ਡਿਲਿਵਰੀ ਮੇਲ ਸੇਵਾਵਾਂ ਹਨ ਜਾਂ ਤੁਸੀਂ ਜਲਦੀ ਭੋਜਨ ਪ੍ਰਾਪਤਕਰਤਾ ਹੋ, ਤਾਂ ਇੱਕ EBT ਕਾਰਡ ਚੁਣ ਸਕਦੇ ਹੋ।
- ਐਮਰਜੈਂਸੀ ਸਹਾਇਤਾ ਸੇਵਾਵਾਂ ਚੁਣ ਸਕਦੇ ਹੋ।
- ਕਾਗਜ਼ੀ ਕਾਰਵਾਈ ਛੱਡ ਸਕਦੇ ਹੋ।

CUSTOMER SERVICE CONTACT CENTER: **877-501-2233** ਤੇ ਕਾਲ ਕਰਕੇ ਸੇਵਾਵਾਂ ਪ੍ਰਾਪਤ ਕਰੋ। ਤੁਸੀਂ:

- ਲਾਭ ਲਈ ਅਰਜ਼ੀ ਦੇ ਸਕਦੇ ਹੋ।
- ਕੇਸ ਦੀ ਜਾਣਕਾਰੀ ਪ੍ਰਾਪਤ ਜਾਂ ਤਬਦੀਲੀਆਂ ਦੀ ਰਿਪੋਰਟ ਕਰ ਸਕਦੇ ਹੋ।
- ਯੋਗਤਾ ਜਾਂ ਅੱਧ-ਪ੍ਰਮਾਣੀਕਰਣ ਸਮੀਖਿਆ ਨੂੰ ਪੂਰਾ ਕਰ ਸਕਦੇ ਹੋ।
- ਨਵੇਂ EBT ਕਾਰਡ ਲਈ ਬੇਨਤੀ ਕਰ ਸਕਦੇ ਹੋ।
- WorkFirst ਕੇਸ ਜਾਂ ਸਮਾਜਿਕ ਕਾਰਜਕਰਤਾ ਨੂੰ ਸੰਪਰਕ ਕਰ ਸਕਦੇ ਹੋ।

WASHINGTON CONNECTION: ਸਾਰੇ ਲੋਕ, ਅੰਗਰੇਜ਼ੀ ਅਤੇ ਸਪੈਨਿਸ਼ ਵਿੱਚ ਔਨਲਾਈਨ ਸੇਵਾਵਾਂ ਪ੍ਰਾਪਤ ਕਰ ਸਕਦੇ ਹਨ। ਲਾਭਾਂ ਲਈ ਅਰਜ਼ੀ ਕਰਨ ਲਈ, ਸਮੀਖਿਆਵਾਂ ਪੂਰੀਆਂ ਕਰਨ ਲਈ, ਤਬਦੀਲੀਆਂ ਦੀ ਰਿਪੋਰਟ ਕਰਨ ਲਈ ਅਤੇ ਹੋਰ ਸਥਾਨਕ ਸੇਵਾਵਾਂ ਲੱਭਣ ਲਈ WashingtonConnection.org ਤੇ ਜਾਓ।

AGED, BLIND OR DISABLED/HOUSING AND ESSENTIAL NEEDS REFERRAL PROGRAMS: ਅਸੀਂ ਫਿਲਹਾਲ ABD ਅਪੰਗਤਾ ਸਮੀਖਿਆਵਾਂ ਮੁਲਤਵੀ ਕਰ ਦਿੱਤੀਆਂ ਹਨ। ਅਸੀਂ HEN ਰੈਫਰਲ ਨਿਯਮਾਂ ਨੂੰ ਵੀ ਬਦਲ ਦਿੱਤਾ ਹੈ ਅਤੇ ਕੁਝ ਲੋੜੀਂਦੀ ਨਿਗਰਾਨੀ ਨੂੰ ਵੀ ਰੋਕ ਦਿੱਤਾ ਹੈ। HEN ਅਤੇ ABD ਕੇਸਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ **877-501-2233** ਤੇ ਕਾਲ ਕਰੋ।

BASIC FOOD: DSHS ਨੇ ਮਾਰਚ ਤੋਂ ਲੈਕੇ ਮਈ 2020 ਤਕ ਦੌਰਾਨ ਪ੍ਰਤੀ ਘਰ ਲਈ ਅਨੁਮਤ ਸਭ ਤੋਂ ਵੱਡੀ ਰਕਮ ਦੇ ਭੋਜਨ ਲਾਭ ਸ਼ਾਮਲ ਕੀਤੇ ਹਨ। DSHS, ਫੈਡਰਲ ਸਰਕਾਰ ਤੋਂ COVID-19 ਦੇ ਹਰ ਮਹੀਨੇ ਲਈ ਐਮਰਜੈਂਸੀ ਭੋਜਨ ਪੂਰਕ ਦੀ ਮੰਗ ਕਰੇਗਾ।

- *Basic Food Employment and Training:* ਸਾਰੇ BFET ਪ੍ਰੋਗ੍ਰਾਮ ਅਤੇ ਸੇਵਾਵਾਂ ਉਪਲਬਧ ਹਨ। BFET ਭਾਈਵਾਲ ਫੋਨ ਤੇ ਅਤੇ ਔਨਲਾਈਨ ਸੇਵਾਵਾਂ ਪ੍ਰਦਾਨ ਕਰਦੇ ਹਨ।
- *Abled-Bodied Adults without Dependents:* ਇਸ ਵੇਲੇ ABAWD ਲਈ ਕੰਮ ਲੋੜਾਂ ਦੀ ਜ਼ਰੂਰਤ ਨਹੀਂ ਹੈ। DSHS ਅਜੇ ਵੀ ਉਹਨਾਂ ਲੋਕਾਂ ਨੂੰ ਰੇਫਰ ਕਰ ਰਿਹਾ ਹੈ ਜੋ ਭਾਗ ਲੈਣ ਦੇ ਚਾਹਵਾਨ ਅਤੇ ਯੋਗ ਹਨ।

BENEFITS REVIEWS: DSHS ਨੇ ਯੋਗਤਾ ਸਮੀਖਿਆਵਾਂ ਨੂੰ ਵਧਾ ਦਿੱਤਾ ਹੈ, ਜੋ ਅਪ੍ਰੈਲ, ਮਈ ਜਾਂ ਜੂਨ 2020 ਵਿੱਚ ਛੇ ਮਹੀਨਿਆਂ ਲਈ ਹੋਣੀਆਂ ਸਨ। ਅਪ੍ਰੈਲ, ਮਈ ਜਾਂ ਜੂਨ 2020 ਵਿੱਚ ਹੋਣ ਵਾਲੀਆਂ ਮੱਧ-ਪ੍ਰਮਾਣੀਕਰਣ ਸਮੀਖਿਆਵਾਂ ਨੂੰ ਪੂਰਾ ਕਰਨ ਦੀ ਜ਼ਰੂਰਤ ਨਹੀਂ ਹੈ। ਲਾਭ ਉਦੋਂ ਤਕ ਜਾਰੀ ਰਹਿਣਗੇ ਜਦੋਂ ਤਕ ਤੁਹਾਡਾ ਪਰਿਵਾਰ ਸਾਰੀਆਂ ਯੋਗਤਾ ਦੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰ ਲੈਂਦਾ।

DISASTER CASH ASSISTANCE PROGRAM: DCAP ਬਿਨਾਂ ਬੱਚਿਆਂ ਦੇ ਪਰਿਵਾਰਾਂ ਅਤੇ ਲੋਕਾਂ ਲਈ ਉਪਲਬਧ ਹੈ। ਤੁਹਾਨੂੰ ਨਾਗਰਿਕ ਹੋਣ ਦੀ ਜ਼ਰੂਰਤ ਨਹੀਂ ਹੈ। ਉਹ ਲੋਕ ਯੋਗ ਹੁੰਦੇ ਹਨ, ਜੇਕਰ ਉਹ ਆਮਦਨੀ ਅਤੇ ਸਰੋਤਾਂ ਦੀਆਂ ਸੀਮਾਵਾਂ ਨੂੰ ਪੂਰਾ ਕਰਦੇ ਹੋਣ, ਅਤੇ ਹੋਰ ਨਕਦ ਪ੍ਰੋਗਰਾਮਾਂ ਲਈ ਯੋਗ ਨਹੀਂ ਹੋਣ। ਵਧੇਰੇ ਜਾਣਕਾਰੀ ਲਈ **877-501-2233** ਤੇ ਕਾਲ ਕਰੋ।

OFFICE OF REFUGEE AND IMMIGRANT ASSISTANCE: ORIA ਦੇ ਇਹਨਾਂ ਜਰੂਰਤਾਂ ਵਾਲੇ ਸ਼ਰਨਾਰਥੀ ਅਤੇ ਪ੍ਰਵਾਸੀਆਂ ਦੀ ਮਦਦ ਲਈ ਪ੍ਰੋਗਰਾਮ ਹਨ:

- ਨੌਂਕਰੀ ਦੀ ਭਾਲ ਅਤੇ ਸਿਖਲਾਈ।
- ਇਮੀਗ੍ਰੇਸ਼ਨ ਸਹਾਇਤਾ।
- ਨੌਜਵਾਨਾਂ ਦੀ ਸਲਾਹਕਾਰੀ।
- ਸ਼ਰਨਾਰਥੀ ਬਜ਼ੁਰਗਾਂ, ਬੱਚਿਆਂ, ਵਿਦਿਆਰਥੀਆਂ ਅਤੇ ਹੋਰਾਂ ਲਈ ਸਹਾਇਤਾ।
- COVID-19 ਦੇ ਦੌਰਾਨ ਨਿਯਮਤ ਪ੍ਰੋਗਰਾਮ ਰਿਮੋਟਲੀ (ਦੂਰ) ਤੋਂ ਖੁੱਲ੍ਹੇ ਹਨ। ਤੁਹਾਨੂੰ ਨੌਂਕਰੀ ਜਾਂ ਬੇਰੁਜ਼ਗਾਰੀ ਲਈ ਅਰਜ਼ੀ ਦੇਣ, ਤੁਹਾਡੀ ਸਿਖਿਆ ਦਾ ਸਮਰਥਨ ਕਰਨ, ਅਤੇ ਰਿਹਾਇਸ਼ ਵਿੱਚ ਸਹਾਇਤਾ ਪ੍ਰਦਾਨ ਕਰਨ ਲਈ ਆਫਿਸ ਕੋਲ ਨਵੀਆਂ ਸੇਵਾਵਾਂ ਉਪਲਬਧ ਹਨ। Refugee Cash Assistance ਅਤੇ Refugee Medical Assistance ਯੋਗਤਾ 30 ਸਤੰਬਰ, 2020 ਤੱਕ ਵਧਾ ਦਿੱਤੀ ਗਈ ਹੈ।
- ਸੇਵਾਵਾਂ ਅਤੇ ਵਧੇਰੇ ਜਾਣਕਾਰੀ ਲਈ, **360-890-0691** ਤੇ ਕਾਲ ਕਰੋ।

<u>TEMPORARY ASSISTANCE FOR NEEDY FAMILIES/WORKFIRST:</u> TANF 60-ਮਹੀਨੇ ਦੀ ਸਮਾਂ ਸੀਮਾ ਦੇ ਵਾਧੇ ਵਿੱਚ ਹੁਣ COVID-19 ਕਾਰਨ ਸੰਕਟ ਸ਼ਾਮਲ ਹੈ।

- WorkFirst ਲੋੜਾਂ ਨੂੰ ਫਿਲਹਾਲ ਰੋਕ ਦਿੱਤਾ ਗਿਆ ਹੈ। ਜੇਕਰ ਗਾਹਕ ਯੋਗ ਹੋਣ ਤਾਂ ਉਹ ਹਿੱਸਾ ਲੈਣਾ ਜਾਰੀ ਰੱਖ ਸਕਦੇ ਹਨ।
- ਅਸੀਂ ਫਿਲਹਾਲ WorkFirst ਮੰਜੂਰੀਆਂ ਨੂੰ ਰੋਕ ਦਿੱਤਾ ਹੈ। ਅਸੀਂ ਸਟਾਫ ਨੂੰ ਘਰ ਮੁਲਾਕਾਤਾਂ ਕਰਨ ਤੋਂ ਵੀ ਰੋਕ ਦਿੱਤਾ ਹੈ।
- ਜੇ ਤੁਸੀਂ Community Jobs ਜਾਂ WorkFirst ਵਰਕ-ਸਟੱਡੀ ਭਾਗੀਦਾਰ ਹੋ, ਤਾਂ ਤੁਹਾਡਾ ਰੁਜ਼ਗਾਰ ਬਣਿਆ ਰਹੇਗਾ ਅਤੇ ਤੁਹਾਨੂੰ ਭੁਗਤਾਨ ਮਿਲਦਾ ਰਹੇਗਾ, ਭਾਵੇਂ ਤੁਸੀਂ COVID-19 ਦੇ ਕਾਰਨ ਹਿੱਸਾ ਨਹੀਂ ਲੈ ਸਕਦੇ ਹੋਵੋ।